20188049
21/6/2021

# ਦਫਤਰ:ਡਾਇਰੈਕਟਰ ਸਿਖਿਆ ਵਿਭਾਗ(ਸੈਸਿ)ਪੰਜਾਬ, ਐਸ.ਏ.ਐਸ.ਨਗਰ

(ਬਜਟ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਪੰਜਾਬ,
ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ.), ਪੰਜਾਬ,
ਸਮੂਹ ਸਕੂਲ ਮੁਖੀ, ਸਰਕਾਰੀ ਸਕੂਲ, ਪੰਜਾਬ,
ਸਮੂਹ ਬੀ.ਪੀ.ਈ.ਓ., ਪੰਜਾਬ।

ਮੀਮੋ ਨੰ. 12/2 2017 ਬਜਟ(5) 2021194549
ਮਿਤੀ: ਐਸ.ਏ.ਐਸ. ਨਗਰ 21.6.2021

ਵਿਸ਼ਾ: ਪੈਨਸ਼ਨ ਕੇਸਾਂ/ਪੈਨਸ਼ਨਰਾਂ ਦਾ ਡਾਟਾ ਈ. ਪੰਜਾਬ ਪੋਰਟਲ ਤੇ ਅਪਲੋਡ ਕਰਨ ਸਬੰਧੀ।

ਹਵਾਲਾ: ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੇ ਹੁਕਮ ਪੱਤਰ ਨੰ. 12/02-2017(5)2020255001 ਮਿਤੀ: 13.10.2020 ਅਤੇ ਇਸ ਦਫਤਰ ਦੇ ਪੱਤਰ ਨੰ. 12/02-2017ਬ(5) ਮਿਤੀ: 14.10.2020, ਮਿਤੀ: 19.04.2021 ਅਤੇ 28.05.2021 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਹਵਾਲਾ ਅਧੀਨ ਪੱਤਰਾਂ ਰਾਹੀਂ ਸਿੱਖਿਆ ਵਿਭਾਗ ਵਲੋ ਪੈਨਸ਼ਨ ਕੇਸਾ ਦੀ ਮੋਨੀਟਰਿੰਗ ਲਈ ਈ.ਪੰਜਾਬ ਸਕੂਲ ਪੋਰਟਲ ਉੱਤੇ ਇੱਕ ਆਨਲਾਈਨ ਸਾਫਟਵੇਅਰ ਤਿਆਰ ਕੀਤੇ ਜਾਣ ਸਬੰਧੀ ਸੂਚਿਤ ਕੀਤਾ ਗਿਆ ਸੀ। ਇਸ ਸਬੰਧੀ ਸਕੂਲ ਡੀ.ਡੀ.ਓਜ਼, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਇਸ ਪੋਰਟਲ ਤੇ ਆਪਣੇ ਸਕੂਲ/ਦਫਤਰ ਨਾਲ ਸਬੰਧਤ ਪੈਨਸ਼ਨਰਾਂ ਦੇ ਪੈਨਸ਼ਨ ਕੇਸ ਸਬੰਧੀ ਡਾਟਾ ਸਮੇਂ-ਸਮੇਂ ਸਿਰ ਅਪਲੋਡ ਕਰਨਾ ਯਕੀਨੀ ਬਣਾਉਣਗੇ। ਪ੍ਰੰਤੂ ਬਾਰ-ਬਾਰ ਪੱਤਰ ਲਿਖਣ ਅਤੇ ਫੋਨ ਕਰਨ ਦੇ ਬਾਵਜੂਦ ਵੀ ਉਨ੍ਹਾਂ ਵਲੋਂ ਸਹੀ/ਮੁਕੰਮਲ ਸੂਚਨਾ ਨਹੀਂ ਭਰੀ ਜਾ ਰਹੀ। ਜਿਸ ਕਾਰਨ ਇਹ ਪੋਰਟਲ ਉੱਤੇ ਅਜੇ ਤੀਕ ਸਹੀ ਸੂਚਨਾਂ ਜਨਰੇਟ ਨਹੀ ਕੀਤੀ ਜਾ ਸਕਦੀ ਹੈ। ਇਸ ਸਬੰਧੀ ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਪੋਰਟਲ ਤੇ ਵਿਭਾਗ ਵਲੋ ਕੁਝ ਅਪਡੇਸ਼ਨ ਕੀਤੀ ਗਈ ਹੈ (New Mandatory Columns have been added)।

ਆਪ ਨੂੰ ਇਸ ਸਬੰਧੀ ਇਸ ਪੋਰਟਲ ਤੇ ਪਾਈਆਂ ਜਾ ਰਹੀਆਂ ਤਰੁੱਟੀਆਂ ਹੇਠ ਅਨੁਸਾਰ ਦੱਸਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਤਰੁੱਟੀਆਂ ਮਿਤੀ: 25.06.02021 ਤੱਕ ਹਰ ਹਾਲਤ ਵਿੱਚ ਦੂਰ ਕਰਨ ਉਪਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

1. ਕਈ ਸਕੂਲਾ ਵਲੋ ਕਈ ਰਿਟਾਇਰੀ ਜੋ ਕਿ ਬਹੁਤ ਪਹਿਲਾ ਰਿਟਾਇਰ ਹੋ ਚੁੱਕੇ ਹਨ (ਜਿਵੇਂ 1938, 1968 ਆਦਿ ਵਿੱਚ) ਸਬੰਧੀ ਸੂਚਨਾ ਅਪਡੇਟ ਨਹੀਂ ਕੀਤੀ ਜਾ ਰਹੀ। ਇਨ੍ਹਾਂ ਰਿਟਾਇਰੀਆਂ ਦੇ ਕੇਸ ਅਜੇ ਵੀ ਪੋਰਟਲ ਵਿੱਚ ਪੈਂਡਿੰਗ ਸ਼ੋਅ ਹੋ ਰਹੇ ਹਨ।
2. ਕਈ ਰਿਟਾਇਰੀਆਂ ਦੀ ਸਾਰੇ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਹੋਣ ਉਪਰੰਤ ਵੀ ਕੇਸ Pending ਸ਼ੋਅ ਹੋ ਰਹੇ ਹਨ। ਜਦਕਿ ਉਨ੍ਹਾਂ ਦਾ ਸਟੇਟਸ Closed ਹੋਣਾ ਚਾਹੀਦਾ ਹੈ।
3. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਡੀ.ਡੀ.ਓਜ਼ ਵਲੋਂ ਸਾਰੇ ਰਿਟਾਇਰੀਆਂ ਦੀ ਸੂਚਨਾ ਪੋਰਟਲ ਤੇ ਅਪਡੇਟ ਕੀਤੀ ਜਾ ਰਹੀ ਹੈ।
4. ਇਸੇ ਤਰ੍ਹਾਂ ਇਸ ਪੋਰਟਲ ਤੇ ਬਾਕੀ ਅਨੁਲੱਗਾਂ ਵਿੱਚ ਵੀ ਤਰੁੱਟੀਆਂ ਦੂਰ ਕਰਨ/ਸੂਚਨਾ ਸਹੀ ਭਰਨੀ ਯਕੀਨੀ ਬਣਾਈ ਜਾਵੇ।

ਉਪਰੋਕਤ ਅਨੁਸਾਰ ਸਮੂਹ ਜਿਲ੍ਹਾ ਸਿੱਖਿਆ ਅਫਸਰ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਜਿਲ੍ਹੇ ਅਧੀਨ ਆਉਂਦੇ ਸਕੂਲ ਮੁਖੀਆਂ ਵਲੋਂ ਇਹ ਸੂਚਨਾ ਸਹੀ/ਮੁਕੰਮਲ ਭਰੀ ਜਾ ਰਹੀ ਹੈ। ਈ.ਪੰਜਾਬ ਪੋਰਟਲ ਤੇ ਇਹ ਸੂਚਨਾ ਸਮੇਂ ਸਿਰ ਅਤੇ ਸਹੀ ਨਾ ਭਰਨ ਦੀ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ/ਦਫਤਰ/ਸਕੂਲ ਮੁਖੀ ਦੀ ਹੋਵੇਗੀ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

ਪਿੱਠ ਅੰਕਣ ਨੰ. ਉਕਤ। ਮਿਤੀ: ਐਸ.ਏ.ਐਸ. ਨਗਰ

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ.), ਪੰਜਾਬ, ਐਸ.ਏ.ਐਸ. ਨਗਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਪੱਧਰ ਤੇ ਆਪਣੇ ਡਾਇਰੈਕਟੋਰੇਟ ਨਾਲ ਸਬੰਧਤ ਦਫਤਰਾਂ/ਸਕੂਲਾਂ ਵਲੋਂ ਉਕਤ ਹਦਾਇਤਾਂ ਅਨੁਸਾਰ ਕਾਰਵਾਈ ਕਰਵਾਉਣਾ ਯਕੀਨੀ ਬਣਾਉਣ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

ਪਿੱਠ ਅੰਕਣ ਨੰ:- [illegible] ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ: ਸਿ:) ਮਾਨਸਾ ਮਿਤੀ:- 22/06/2021
ਉਕਤ ਪੱਤਰ ਦਾ ਉਤਾਰਾ ਜਿਲ੍ਹਾ ਮਾਨਸਾ ਦੇ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਡਾਟਾ ਪੋਰਟਲ ਤੇ ਅਪਲੋਡ ਨਾ ਹੋਣ ਸਬੰਧੀ ਸਬੰਧਤ ਸਕੂਲ ਮੁਖੀ ਜਿੰਮੇਵਾਰ ਹੋਵੇਗਾ।

22/06/21
Dy. Distt. Education Officer (SE)
Mansa

Scanned with CamScanner